بِسۡمِ اللّٰہِ الرَّحۡمٰنِ الرَّحِیۡمِ　　نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ　　وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 14.07.2017

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਸੰਤਾਨ ਲਈ ਦੁਆ ਅਤੇ ਇੱਛਾ ਇਸ ਸੋਚ ਨਾਲ ਅਤੇ ਇਸ ਦੁਆ ਨਾਲ ਹੋਣੀ ਚਾਹੀਦੀ ਹੈ ਕਿ ਅਜਿਹੀ ਸੰਤਾਨ ਹੋਵੇ ਜੋ ਧਰਮ ਨੂੰ ਦੁਨੀਆ ਉਪੱਰ ਪਹਿਲ ਦੇਣ ਵਾਲੀ ਹੋਵੇ

ਵਾਕਫ਼ੀਨੇ ਨਉ ਦੇ ਮਾਂਪਿਆਂ ਨੂੰ ਆਪਣੇ ਬੱਚਿਆਂ ਦੀ ਸੀਖ ਸਿੱਖਿਆ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਅਤੇ ਉਹਨਾਂ ਲਈ ਦੁਆ ਵੀ ਕਰਨੀ ਚਾਹੀਦੀ ਹੈ ਕਿ ਉਹ ਵੱਡੇ ਹੋਕੇ ਧਰਮ ਨੂੰ ਦੁਨੀਆ ਉਪੱਰ ਪਹਿਲ ਦੇਣ ਵਾਲੇ ਹੋਣ, ਕੇਵਲ ਵਕਫ਼ੇ ਨਉ ਦਾ ਟਾਈਟਲ ਲਗਾਕੇ ਕਹਿ ਦਿੱਤਾ ਕਿ ਅਸੀਂ ਤਾਂ ਆਪਣੇ ਕੰਮ ਕਰ ਰਹੇ ਹਾਂ, ਸਗੋਂ ਪਹਿਲਾਂ ਉਹ ਜਮਾਤ ਨੂੰ ਪੁਛੱਣ ਕਿ ਜਮਾਤ ਨੂੰ ਲੋੜ ਹੈ ਕਿ ਨਹੀਂ, ਜਮਾਤ ਜੇਕਰ ਆਗਿਆ ਦਿੰਦੀ ਹੈ ਆਪਣਾ ਕੰਮ ਕਰਨ ਦੀ ਤਾਂ ਕਰਨ ਵਰਨਾ ਉਹਨਾਂ ਨੂੰ ਖ਼ਾਲਸ ਹੋਕੇ ਆਪਣੇ ਪ੍ਰਣ ਨੂੰ ਪੂਰਾ ਕਰਦਿਆਂ ਹੋਇਆਂ ਆਪਣੇ ਆਪ ਨੂੰ ਵਕਫ਼ ਲਈ ਪੇਸ਼ ਕਰਨਾ ਚਾਹੀਦਾ ਹੈ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 14 ਜੁਲਾਈ 2017 ਈ. ਨੂੰ ਮਸਜਿਦ ਬੈਅਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।**

**ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :**

ਅਨੇਕਾਂ ਹੀ ਇਸਤਰੀ ਪੁਰੁਸ਼ ਲਿਖੱਦੇ ਹਨ ਕਿ ਸਾਡੇ ਘਰ ਸੰਤਾਨ ਹੋਣ ਵਾਲੀ ਹੈ ਉਸ ਲਈ ਦੁਆ ਕਰਨ ਜਾਂ ਇਹ ਕਿ ਅਸੀਂ ਕੀ ਦੁਆ ਕਰੀਏ ਇਸ ਸੰਤਾਨ ਲਈ ਜਾਂ ਫਿਰ ਇਹ ਵੀ ਕਿ ਸਾਡੀ ਸੰਤਾਨ ਹੈ ਬੱਚੇ ਹਨ ਅਤੇ ਬਚਪੁਨੇ ਤੋਂ ਜਵਾਨੀ ਵੱਲ ਵੱਧ ਰਹੇ ਹਨ ਉਹਨਾਂ ਦੀ ਸੀਖ ਸਿੱਖਿਆ ਦੀ ਚਿੰਤਾ ਰਹਿੰਦੀ ਹੈ, ਉਹਨਾਂ ਲਈ ਕੀ ਦੁਆ ਕਰੀਏ, ਕਿਵੇਂ ਉਹਨਾਂ ਦੀ ਤਰਬੀਯਤ ਕਰੀਏ ਕਿ ਸਾਡੇ ਬੱਚੇ ਸਹੀ ਮਾਰਗ ਉਪੱਰ ਚਲੱਣ ਅਤੇ ਨੇਕੀਆਂ'ਤੇ

ਕਾਇਮ ਰਹਿਣ । ਰੱਬ ਨੇ ਅਸੀਂ ਮੁਸਲਮਾਨਾਂ ਉਪੱਰ ਇਹ ਉਪਕਾਰ ਕੀਤਾ ਹੈ ਕਿ ਕੁਰਆਨ ਕਰੀਮ ਵਿੱਚ ਵੱਖ ਵੱਖ ਥਾਵਾਂ ਉਪੱਰ ਬੱਚਿਆਂ ਦੇ ਜਨਮ ਦੇ ਪਹਿਲਾਂ ਤੋਂ ਲੈਕੇ ਤਰਬੀਯਤ ਦੇ ਵੱਖ ਵੱਖ ਦੌਰ ਵਿੱਚੋਂ ਜੱਦ ਬਚੱਾ ਲੰਘਦਾ ਹੈ ਤਾਂ ਉਸ ਲਈ ਦੁਆਵਾਂ ਸਿਖਾਈਆਂ ਹਨ ਅਤੇ ਤਰਬੀਯਤ ਦਾ ਢੰਗ ਵੀ ਸਿਖਾਇਆ ਹੈ ਅਤੇ ਮਾਂਪਿਆਂ ਦੀਆਂ ਜ਼ਿੰਮੇਦਾਰੀਆਂ ਵੱਲ ਵੀ ਧਿਆਨ ਦੁਆਇਆ ਹੈ । ਜੇਕਰ ਅਸੀਂ ਇਹ ਦੁਆਵਾਂ ਕਰਨ ਵਾਲੇ ਅਤੇ ਇਸ ਢੰਗ ਅਨੁਸਾਰ ਆਪਣੇ ਜੀਵਨ ਲੰਘਾਉਣ ਵਾਲੇ ਅਤੇ ਅਪਣੇ ਬੱਚਿਆਂ ਦੀ ਤਰਬੀਯਤ ਵੱਲ ਧਿਆਨ ਦੇਣ ਵਾਲੇ ਹੋਈਏ ਤਾਂ ਇਕ ਨੇਕ ਨਸਲ ਅੱਗੇ ਭੇਜਣ ਵਾਲੇ ਬਣ ਕਦੇ ਹਨ । ਇਸ ਗੱਲ ਵਿੱਚ ਕੋਈ ਸੰਦੇਹ ਨਹੀਂ ਕਿ ਬੱਚਿਆਂ ਦੀ ਤਰਬੀਯਤ ਕੋਈ ਸੌਖਾ ਕੰਮ ਨਹੀਂ ਅਤੇ ਵਿਸ਼ੇਸ਼ ਰੂਪ ਵਿੱਚ ਇਸ ਜ਼ਮਾਨੇ ਵਿੱਚ ਜੱਦ ਕਿ ਪੈਰ੍ਹ ਪੈਰ੍ਹ'ਤੇ ਸ਼ੈਤਾਨ ਦੀ ਪੈਦਾ ਕੀਤੀਆਂ ਬੁਰੀਆਂ ਵੱਖ ਵੱਖ ਢੰਗਾ ਵਿੱਚ ਪ੍ਰਤੀਦਿਨ ਸਾਡੇ ਸਾਹਮਣੇ ਆ ਰਹੀਆਂ ਹੋਣ ਤਾਂ ਇਹ ਕੰਮ ਬੁਹਤ ਔਖਾ ਹੈ । ਪਰ ਰੱਬ ਨੇ ਜੱਦ ਇਹ ਦੁਆਵਾਂ ਅਤੇ ਤਰੀਕੇ ਦੱਸੇ ਹਨ ਤਾਂ ਜੇਕਰ ਅਸੀਂ ਕਾਮਨਾ ਕਰੀਏ ਤਾਂ ਆਪ ਵੀ ਅਤੇ ਆਪਣੇ ਬੱਚਿਆਂ ਨੂੰ ਵੀ ਸ਼ੈਤਾਨ ਦੇ ਹਮਲਿਆਂ ਤੋਂ ਬਚਾ ਸਕਦੇ ਹਨ । ਪਰੰਤੂ ਇਸ ਲਈ ਨਿਰੰਤਰ ਦੁਆਵਾਂ, ਰੱਬ ਦੀ ਮਦਦ ਅਤੇ ਮਿਹਨਤ ਤੇ ਜਤਨਾ ਦੀ ਲੋੜ ਹੈ ਅਤੇ ਹਕੀਕੀ ਮਮੋਮਨ ਤੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਰੱਬ ਨਾਲ ਜੁੜਕੇ ਆਪਣੇ ਆਪ ਨੂੰ ਵੀ ਅਤੇ ਆਪਣੀ ਸੰਤਾਨ ਨੂੰ ਵੀ ਸ਼ੈਤਾਨ ਦੇ ਹਮਲਿਆਂ ਤੋਂ ਬਚਾਏ, ਨ ਕਿ ਨਿਰਾਸ਼ ਹੋ ਜਾਵੇ ਜਾਂ ਥੱਕ ਜਾਵੇ ਅਤੇ ਭੈਭੀਤ ਹੋਕੇ ਨਕਾਰਾਤਮਕ ਸੋਚਾਂ ਨੂੰ ਆਪਣੇ ਉਪੱਰ ਪਾ ਲਏ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਜਿਸ ਇਨਕਲਾਬ ਨੂੰ ਪੈਦਾ ਕਰਨ ਲਈ ਦੁਨੀਆਂ ਵਿੱਚ ਰੱਬ ਵੱਲੋਂ ਭੇਜੇ ਗਏ ਉਸ ਦਾ ਹਿਸੱਾ ਬਣਨ ਲਈ ਸਾਨੂੰ ਆਪਣੀਆ ਸਾਰੀਆਂ ਸ਼ਕਤੀਆਂ ਤੇ ਗੁਣਾ ਨੂੰ ਵਰਤਨਾ ਚਾਹੀਦਾ ਹੈ ਅਤੇ ਆਪਣੀ ਨਸਲ ਵਿੱਚ ਵੀ ਇਸ ਆਤਮਾ ਨੂੰ ਪਾਉਣਾ ਚਾਹੀਦਾ ਹੈ ਜੋ ਸਾਡੇ ਉਦੇਸ਼ ਹਨ ਉਹਨਾਂ ਲਈ ਦੁਆਵਾਂ ਵੀ ਕਰਨੀਆਂ ਹਨ ਉਹਨਾਂ ਦੀ ਤਰਬੀਯਤ (ਸੀਖ ਸਿੱਖਿਆ) ਵੀ ਕਰਨੀ ਹੈ ਕਿ ਸਮਾਜ ਦੇ ਉਹਨਾਂ ਸਾਰਿਆਂ ਗੰਦ ਤੇ ਕੁਰੀਤੀਆਂ ਦੇ ਹੁੰਦਿਆਂ ਹੋਇਆਂ ਸ਼ੈਤਾਨ ਨੂੰ ਸਫ਼ਲ ਨਹੀਂ ਹੋਣ ਦੇਣਾ । ਇੰਸ਼ਾਅਲੱਾਹ ਤਆਲਾ । ਦੁਨੀਆ ਵਿੱਚ ਰੱਬ ਦੀ ਹੁਕੂਮਤ ਕਾਇਮ ਕਰਨ ਦਾ ਜਤਨ ਕਰਨਾ ਹੈ ।

ਅਲੱਾਹ ਤਆਲਾ ਨੇ ਨੇਕ ਸੰਤਾਨ ਲਈ ਸਾਨੂੰ ਦੁਆਵਾਂ ਕੁਰਆਨ ਕਰੀਮ ਵਿੱਚ ਸਿਖਾਈਆਂ ਹਨ । ਇਕ ਥਾਂ ਹਜ਼ਰਤ ਜ਼ਕਰੀਆ ਅਲੈਹਿ ਸਲਾਮ ਰਾਹੀਂ ਦੁਆ ਸਿਖਾਈ ਅਤੇ ਉਹ ਇਹ ਦੁਆ ਹੈ ਕਿ ( رَبِّ هَبْ لِي مِن لَّدُنكَ ذُرِّيَّةً طَيِّبَةً ۖ إِنَّكَ سَمِيعُ الدُّعَاءِ) ਰੱਬਿ ਹਬਲੀ ਮਿੰਲੱਾਦੁਨਕਾ ਜ਼ੁਰੀਯੱਾਤਨ ਤੱਯਿਬਾਤਨ, ਇਨੱਾਕਾ ਸਮੀਉਦੁੱਆਇ । ਹੇ, ਮੇਰੇ ਰੱਬ ! ਮੈਨੂੰ ਆਪਣੇ ਕੋਲੋਂ ਪਵਿੱਤਰ ਸੰਤਾਨ ਪ੍ਰਦਾਨ ਕਰ, ਨਿਸ਼ਚੇ ਹੀ ਤੂੰ ਬਹੁਤ ਦੁਆਵਾਂ ਸੁਨਣ ਵਾਲਾ ਹੈ । ਰੱਬ ਨੇ ਆਪ ਇਹ ਦੁਆ ਸਿਖਾਈ ਹੈ ਕਿ ਮੈਂ ਦੁਆਵਾਂ ਸੁਣਨ ਵਾਲਾ ਹਾਂ, ਇਸ ਲਈ ਤੁਸੀਂ ਵੀ ਕਹੋ ਕਿ ਹੇ, ਅਲੱਾਹ ਤੂੰ ਦੁਆਵਾਂ ਸੁਣਨ ਵਾਲਾ ਹੈ ਇਸ ਲਈ ਸਾਡੀਆਂ ਦੁਆਵਾਂ ਕੁਬੂਲ ਕਰ ਅਤੇ ਸਾਨੂੰ ਪਵਿਤੱਰ ਸੰਤਾਨ ਬਖ਼ਸ਼ । ਸੋ, ਜੱਦ ਦੁਆ ਦੀ ਇਛੱਾ ਹੋਵੇ ਜੱਦ ਪਵਿੱਤਰ ਸੰਤਾਨ ਦੀ ਇਛੱਾ ਹੋਵੇ ਤਾਂ ਇਸ ਦੇ ਲਈ ਵੀ ਦੁਆ ਹੋਣੀ ਚਾਹੀਦੀ ਹੈ ਪਰ ਨਾਲ ਹੀ ਮਾਂਪਿਆਂ ਨੂੰ ਵੀ ਇਹਨਾਂ ਪਵਿਤੱਰ ਵਿਚਾਰਾਂ ਦਾ ਅਤੇ ਨੇਕ ਕਰਮਾ ਦਾ ਕਰਨ ਵਾਲਾ ਹੋਣਾ ਚਾਹੀਦਾ ਹੈ ਜੋ ਨੇਕ ਲੋਕਾਂ ਤੇ ਨਬੀਆਂ ਦੇ ਗੁਣ ਹੁੰਦੇ ਹਨ, ਉਹ ਅਪਨਾਉਣ ਦੀ ਲੋੜ ਹੈ । ਕਈ ਵਾਰ ਮਾਵਾਂ ਧਾਰਮਕ ਕੰਮਾ ਵੱਲ ਧਿਆਨ ਦੇਣ ਵਾਲੀਆਂ ਹੁੰਦੀਆਂ ਹਨ, ਇਬਾਦਤ ਕਰਨ ਵਾਲੀਆਂ ਹੁੰਦੀਆਂ ਹਨ ਤਾਂ ਪੁਰੁਸ਼ ਨਹੀਂ ਹੁੰਦੇ, ਕਈ ਥਾਂ ਪੁਰੁਸ਼ ਹਨ ਤਾਂ ਇਸਤਰੀਆਂ ਆਪਣੀਆਂ ਜ਼ਿੰਮੇਦਾਰੀਆਂ ਪੁਰੀਆਂ ਨਹੀਂ ਕਰ ਰਹੀਆਂ ਹੁੰਦੀਆਂ

। ਸੰਤਾਨ ਨੇਕ ਹੋਣ ਲਈ ਅਤੇ ਜ਼ਮਾਨੇ ਦੇ ਕੁਪ੍ਰਭਾਵ ਤੋਂ ਬਚਣ ਲਈ ਜ਼ਰੂਰੀ ਹੈ ਕਿ ਸੰਤਾਨ ਦੀ ਇਛੱਾ ਅਤੇ ਸੰਤਾਨ ਦੀ ਪੈਦਾਇਸ਼ ਤੋਂ ਪਹਿਲਾਂ ਪੁਰੁਸ਼ ਇਸਤਰੀ ਦੋਨੋ ਨੇਕ ਅਮਲ ਕਰਨ ਵਾਲੇ ਹੋਣ ।

ਕੁਰਆਨ ਕਰੀਮ ਵਿੱਚ ਹਜ਼ਰਤ ਜ਼ਕਰੀਆ ਦੇ ਹਵਾਲੇ ਨਾਲ ਇਸ ਦੁਆ ਦਾ ਵੀ ਵਰਨਣ ਮਿਲਦਾ ਹੈ ਸੂਰਤ ਅੰਬਿਆ ਵਿੱਚ ਕਿ ( رَبِّ لَا تَذَرۡنِیۡ فَرۡدًا وَّ اَنۡتَ خَیۡرُ الۡوٰرِثِیۡنَ) ਰੱਬਿ ਲਾ ਤਜ਼ਰਨੀ ਫ਼ਰਦੰਵ ਵ ਅੰਤਾ ਖ਼ੈਰੁਲ ਵਾਰਿਸੀਨ' ਕਿ ਹੇ, ਮੇਰੇ ਰੱਬ ! ਮੈਨੂੰ ਇਕਲੱਾ ਨ ਛੱਡ ਅਤੇ ਤੂੰ ਸਾਰਿਆਂ ਵਾਰਸਾਂ ਤੋਂ ਬਿਹਤਰ ਹੈ । ਇਸ ਦੁਆ ਵਿੱਚ ਜੱਦ ਰੱਬ ਨੂੰ 'ਖ਼ੈਰੁਲ ਵਾਰਿਸੀਨ' ਕਿਹਾ ਹੈ ਤਾਂ ਸਪਸ਼ਟ ਹੈ ਕਿ ਸੰਤਾਨ ਦੀ ਦੁਆ ਕੇਵਲ ਇਸ ਲਈ ਨਹੀਂ ਕਿ ਸੰਤਾਨ ਹੋ ਜਾਵੇ ਅਤੇ ਵਾਰਸ ਪੈਦਾ ਹੋ ਜਾਣ ਜੋ ਸੰਸਾਰਕ ਮਾਮਲਿਆਂ ਦਾ ਵਾਰਸ ਹੋਣ ਸਗੋਂ ਅਜਿਹੇ ਵਾਰਸ ਰੱਬ ਵੱਲੋਂ ਪ੍ਰਾਪਤ ਹੋਣ ਜੋ ਧਰਮ ਨੂੰ ਦੁਨੀਆ'ਤੇ ਪਹਿਲ ਦਿੰਦੇ ਹੋਣ । ਸਪਸ਼ਟ ਹੈ ਅਜਿਹੀ ਦੁਆ ਉਹੋ ਲੋਕ ਮੰਗ ਸਕਦੇ ਹਨ ਜੋ ਆਪ ਵੀ ਧਰਮ ਨੂੰ ਦੁਨੀਆ'ਤੇ ਪ੍ਰਾਥਮਕਤਾ ਦੇਣ ਵਾਲੇ ਹਨ । ਜੇਕਰ ਮਨੁੱਖ ਦੁਨੀਆਦਾਰੀ ਵਿੱਚ ਡੁੱਬਿਆ ਹੋਇਆ ਹੈ ਤਾਂ ਨੇਕ ਵਾਰਸ ਕਿਵੇਂ ਮੰਗੇਗਾ । ਜੇਕਰ ਕੋਈ ਇਸਤਰੀ ਕੇਵਲ ਇਸ ਲਈ ਸੰਤਾਨ ਦੀ ਇਛੱਾ ਰਖੱਦੀ ਹੈ ਕਿ ਪਤੀ ਦੀ ਇਛੱਾ ਹੁੰਦੀ ਹੈ, ਅਜਿਹੀ ਸੰਤਾਨ ਫਿਰ ਕਈ ਵਾਰ ਮੁਸੀਬਤਾਂ ਦਾ ਸਬਬ ਬਣ ਜਾਂਦੀ ਹੈ । ਸੰਤਾਨ ਦੀ ਇਛੱਾ ਬਹੁਤ ਹੀ ਉਚਿਤ ਇਛੱਾ ਹੈ ਪਰ ਨਾਲ ਹੀ ਨੇਕ ਵਾਰਸ ਪੈਦਾ ਹੋਣ ਦੀ ਦੁਆ ਕਰਨੀ ਚਾਹੀਦੀ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਹ ਵਰਨਣ ਫ਼ਰਮਾਉਂਦਿਆਂ ਹੋਇਆਂ ਕਿ ਸੰਤਾਨ ਦੀ ਇਛੱਾ ਕੇਵਲ ਵਾਰਸ ਬਨਾਉਣ ਲਈ ਨ ਕਰੋ ਸਗੋਂ ਨੇਕ ਤੇ ਸਾਲੇਹ (ਧਰਮੀ) ਅਤੇ ਧਰਮ ਦੀ ਸੇਵਾ ਕਰਨ ਵਾਲੀ ਸੰਤਾਨ ਬਨਾਉਣ ਲਈ ਦੁਆ ਕਰਨੀ ਚਾਹੀਦੀ ਹੈ ਵਰਨਾ ਸੰਤਾਨ ਵੀ ਮੁਸੀਬਤਾਂ ਦਾ ਸਬਬ ਬਣ ਸਕਦੀ ਹੈ । ਇਕ ਮੌਕੇ ਆਪ ਫ਼ਰਮਾਉਂਦੇ ਹਨ ਕਿ :

ਸੰਤਾਨ ਦੀ ਪ੍ਰੀਖਿਆ ਵੀ ਬਹੁਤ ਵੱਡੀ ਪ੍ਰੀਖਿਆ ਹੈ । ਜੇਕਰ ਸੰਤਾਨ ਸਾਲੇਹ (ਨੇਕ ਤੇ ਧਰਮੀ) ਹੋਵੇ ਤਾਂ ਫਿਰ ਕਿਸ ਗੱਲ ਦੀ ਪਰਵਾਹ ਹੋ ਸਕਦੀ ਹੈ । ਰੱਬ ਆਪ ਫ਼ਰਮਾਉਂਦਾ ਹੈ ( وھویتولی الصالحین۔) 'ਵ ਹੁਵਾ ਯਤਾ ਵਲੱਸ ਸਾਲਿਹੀਨ' ਅਰਥਾਤ ਰੱਬ ਆਪ ਸਾਲੇਹੀਨ ਦਾ ਮੁਤੱਾਵੱਲੀ ਤੇ ਰੱਖਿਅਕ ਹੋ ਜਾਂਦਾ ਹੈ । ਜੇਕਰ ਸੰਤਾਨ ਬਦਬਖ਼ਤ (ਭੈੜੀ) ਹੈ ਤਾਂ ਮਨੁੱਖ ਭਾਵੇਂ ਉਸ ਲਈ ਲਖੱਾਂ ਰੁਪਏ ਛੱਡ ਜਾਏ ਉਹ ਬਦਕਾਰੀਆਂ ਵਿੱਚ ਪੈਕੇ ਤਬਾਹ ਕਰਕੇ ਕੰਗਾਲ ਹੋ ਜਾਵੇਗੀ ਅਤੇ ਔਕੁੜਾਂ ਤੇ ਮੁਸੀਬਤਾਂ ਵਿੱਚ ਪਏਗੀ । ਜੋ ਮਨੁੱਖ ਆਪਣੀ ਰਾਏ ਨੂੰ ਰੱਬ ਦੀ ਰਾਏ ਤੇ ਇਛੱਾ ਅਨੁਸਾਰ ਕਰਦਾ ਹੈ, ਉਹ ਸੰਤਾਨ ਵੱਲੋਂ ਸੰਤੋਖੀ ਹੋ ਜਾਂਦਾ ਹੈ । ਰੱਬ ਦੀ ਰਾਏ ਤੇ ਇਛੱਾ ਕੀ ਹੈ ਕਿ ਧਰਮ ਨੂੰ ਦੁਨੀਆ'ਤੇ ਪ੍ਰਾਥਮਕਤਾ ਦਿਓ ।

ਫਿਰ ਇਕ ਥਾਂ ਆਪ ਫ਼ਰਮਾਉਂਦੇ ਹਨ ਇਸੇ ਸੰਤਾਨ ਸੰਬੰਧੀ ਉਪਦੇਸ਼ ਦਿੰਦਿਆਂ ਹੋਇਆਂ ਕਿ ਆਪ ਨੇਕ ਬਣੋ ਅਤੇ ਆਪਣੀ ਸੰਤਾਨ ਲਈ ਇਕ ਚੰਗਾ, ਨੇਕੀ ਤੇ ਸੰਜਮਤਾ ਦਾ ਨਮੂਨਾ ਬਣ ਜਾਓ ਅਤੇ ਉਸ ਨੂੰ ਸੰਜਮੀ ਤੇ ਧਰਮੀ ਬਨਾਉਣ ਲਈ ਜਤਨ ਤੇ ਦੁਆਵਾਂ ਕਰੋ । ਜਿੰਨ੍ਹੇ ਜਤਨ ਤੁਸੀਂ ਉਸ ਲਈ ਮਾਲ ਇਕਤੱਰ ਕਰਨ ਲਈ ਕਰਦੇ ਹੋ, ਓਨ੍ਹੇ ਹੀ ਜਤਨ ਇਸ ਸੰਬੰਧੀ ਕਰੋ । ਫਿਰ ਆਪ ਫ਼ਰਮਾਉਂਦੇ ਹਨ ਕਿ ਸੰਤਾਨ ਦੀ ਇਛੱਾ ਹੁੰਦੀ ਹੈ ਲੋਕਾਂ ਨੂੰ, ਪਰ ਹੁੰਦਾ ਇਹ ਹੈ ਕਿ ਕਈ ਵਾਰ ਸੰਪਤੀਵਾਦੀਆਂ ਨੂੰ ਮੈਂ ਕਹਿੰਦਿਆਂ ਹੋਇਆ ਸੁਣਿਆ ਹੈ ਕੋਈ ਸੰਤਾਨ ਹੋ ਜਾਵੇ ਜੋ ਇਸ ਸੰਪਤੀ ਦੀ ਵਾਰਸ ਹੋਵੇ । ਪਰ ਇਹ ਨਹੀਂ ਜਾਣਦੇ ਕਿ ਜੱਦ ਮਰ ਜਾਣਗੇ ਤਾਂ ਸ਼ਰੀਕੇ ਕੌਣ ਤੇ ਸੰਤਾਨ ਕੌਣ,

ਸਾਰੇ ਹੀ ਬਿਗਾਨੇ ਬਣ ਜਾਂਦੇ ਹਨ । ਸੰਤਾਨ ਲਈ ਜੇਕਰ ਇੱਛਾ ਹੋਵੇ ਤਾਂ ਇਸ ਭਾਵਨਾ ਨਾਲ ਹੋਵੇ ਕਿ ਉਹ ਧਰਮ ਦੀ ਸੇਵਾ ਕਰਨ ਵਾਲੀ ਹੋਵੇ ।

ਫਿਰ ਰੱਬ ਨੇ ਕੁਰਆਨ ਕਰੀਮ ਵਿੱਚ ਸਾਨੂੰ ਇਹ ਦੁਆ ਸਿਖਾਈ ਕਿ : ( وَأَصْلِحْ لِي فِي ذُرِّيَّتِي إِنِّي تُبْتُ إِلَيْكَ وَإِنِّي مِنَ الْمُسْلِمِينَ ) 'ਵ ਅਸਲਿਹਲੀ ਫ਼ੀ ਜ਼ੁੱਰਿਯਾਤੀ ਇਨੱੀ ਤੁਬਤੁ ਇਲੈਕਾ ਵ ਇਨੱੀ ਮਿਨਲ ਮੁਸਲਿਮੀਨ' ਕਿ ਮੇਰੇ ਲਈ ਮੇਰੀ ਸੰਤਾਨ ਦਾ ਵੀ ਸੁਧਾਰ ਕਰਦੇ ਨਿਸ਼ਚੇ ਹੀ ਮੈਂ ਤੇਰੇ ਵੱਲ ਧਿਆਨ ਕਰਦਾ ਹਾਂ ਅਤੇ ਨਿਰਾਸੰਦੇਹ ਮੈਂ ਆਗਿਆਕਾਰਾਂ ਵਿੱਚੋਂ ਹਾਂ । ਏਥੇ ਸੰਤਾਨ ਦੇ ਸੁਧਾਰ ਲਈ ਦੁਆ ਕੀਤੀ ਗਈ ਹੈ ਨਾਲ ਹੀ ਇਸ ਗੱਲ ਦੀ ਵੀ ਪੁਸ਼ਟੀ ਕੀਤੀ ਗਈ ਹੈ ਕਿ ਮੈਂ ਤੇਰੇ ਵੱਲ ਧਿਆਨ ਕਰਨ ਵਾਲਿਆਂ ਅਤੇ ਅਗਿਆਕਾਰਾਂ ਵਿੱਚੋਂ ਬਣਾ ਜਾਂ ਹਾਂ । ਸੋ, ਸੰਤਾਨ ਲਈ ਜੱਦ ਦੁਆ ਹੋਵੇ ਤਾਂ ਰੱਬ ਦੇ ਆਦੇਸ਼ਾਂ ਉਪੱਰ ਅਮਲ ਅਤੇ ਰੱਬ ਦੀ ਕਾਮਲ ਅਗਿਆਕਾਰੀ ਜ਼ਰੂਰੀ ਹੈ ਫਿਰ ਹੀ ਦੁਆ ਕੁਬੂਲ ਹੁੰਦੀ ਹੈ ।

ਸੋ, ਬਹੁਤ ਵੱਡੀ ਜ਼ਿੰਮੇਦਾਰੀ ਹੈ ਮਾਂ ਦੀ ਵੀ ਅਤੇ ਬਾਪ ਦੀ ਵੀ । ਜੇਕਰ ਆਪਣੇ ਨਮੂਨੇ ਇਸ ਸਿੱਖਿਆ ਦੇ ਵਿਰੁਧ ਹਨ ਜੋ ਰੱਬ ਨੇ ਦਿੱਤੀ ਹੈ ਤਾਂ ਫਿਰ ਸੁਧਾਰ ਦੀ ਦੁਆ ਵਿੱਚ ਨੇਕੀਨੀਤੀ ਵੀ ਨਹੀਂ ਹੁੰਦੀ ਅਤੇ ਜੱਦ ਇਸ ਪ੍ਰਕਾਰ ਦਾ ਅਮਲ ਨ ਹੋਵੇਗ ਤਾਂ ਫਿਰ ਇਹ ਸ਼ਿਕਾਇਤ ਵੀ ਗ਼ਲਤ ਹੈ ਕਿ ਅਸੀਂ ਆਪਣੀ ਸੰਤਾਨ ਲਈ ਬਹੁਤ ਦੁਆ ਕੀਤੀ ਸੀ ਪਰ ਫਿਰ ਵੀ ਉਹ ਵਿਗੜ ਗਈ ਜਾਂ ਸਾਨੂੰ ਮੁਸੀਬਤ ਵਿੱਚ ਪਾ ਦਿੱਤਾ ।

ਫਿਰ ਰੱਬ ਕੁਰਆਨ ਕਰੀਮ ਵਿੱਚ ਵਿੱਚ ਬਹੁਤ ਹੀ ਵਿਆਪਕ ਦੁਆ ਵਰਨਣ ਕਰਦਾ ਹੈ ਕਿ :
( رَبَّنَا هَبْ لَنَا مِنْ أَزْوَاجِنَا وَذُرِّيَّاتِنَا قُرَّةَ أَعْيُنٍ وَاجْعَلْنَا لِلْمُتَّقِينَ إِمَامًا ) 'ਰਬੱਨਾ ਹਬਲਾਨਾ ਮਿਨ ਜ਼ੁੱਰਿਯੱਾਤਿਨਾ ਕੁਰੱਾਤਾ ਆਯੁਨਿੰਵ ਵਜ ਅਲਨਾ ਲਿਲ ਮੁਤੱਕੀਨਾ ਇਮਾਮਾ' ਕਿ ਹੇ, ਮੇਰੇ ਰੱਬ ! ਸਾਡੇ ਆਪਣੇ ਜੀਵਨ ਸਾਥੀਆਂ ਤੇ ਆਪਣੀ ਸੰਤਾਨ ਨਾਲ ਅਖੱਾਂ ਦੀ ਠੰਡਕ ਪ੍ਰਦਾਨ ਕਰ ਅਤੇ ਸਾਨੂੰ ਸੰਜਮੀਆਂ ਦਾ ਇਮਾਮ ਬਣਾ ਦੇ । ਇਹ ਦੁਆ ਸੰਤਾਨ ਲਈ ਅਤੇ ਆਪਣੇ ਜੀਵਨ ਸਾਥੀਆਂ ਲਈ ਪੁਰੁਸ਼ਾਂ ਨੂੰ ਵੀ ਕਰਨੀ ਚਾਹੀਦੀ ਹੈ ਅਤੇ ਇਸਤਰੀਆਂ ਨੂੰ ਵੀ । ਜੱਦ ਇਸਤਰੀ ਤੇ ਪੁਰੁਸ਼ ਨੇਕ ਤੇ ਸਾਲੇਹ ਸੰਤਾਨ ਦੀ ਇੱਛਾ ਰੱਖਦਿਆਂ ਹੋਇਆਂ ਦੁਆ ਕਰਦੇ ਹਨ ਤਾਂ ਫਿਰ ਸੰਤਾਨ ਦੇ ਜਨਮ ਦੇ ਬਾਦ ਵੀ ਉਹਨਾਂ ਦੇ ਕੰਮ ਖ਼ਤਮ ਨਹੀਂ ਹੋ ਜਾਂਦੇ ਸਗੋਂ ਮਾਂ ਵੀ ਤੇ ਬਾਪ ਵੀ ਪਤਨੀ ਵੀ ਅਤੇ ਪਤੀ ਵੀ ਆਪਣੇ ਆਪਣੇ ਘੇਰੇ ਵਿੱਚ ਨਿਗਰਾਨ ਤੇ ਇਮਾਮ ਹਨ ਅਤੇ ਇਹ ਹੱਕ ਉਸ ਸਮੇਂ ਪੂਰਾ ਹੋਵੇਗਾ ਜੱਦ ਆਪ ਵੀ ਸੰਜਮਤਾ ਉਪੱਰ ਚਲੱਣ ਵਾਲੇ ਹੋਣ ਅਤੇ ਇਹਨਾਂ ਲਈ ਬੱਚਿਆਂ ਲਈ ਦੁਆ ਕਰਨ ਵਾਲੇ ਹੋਣ ਅਤੇ ਆਪਣੇ ਅਮਲਾਂ ਨੂੰ ਵੀ ਦੇਖਣ ਵਾਲੇ ਹੋਣਗੇ ।

ਇਕ ਥਾਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ । ਲੋਕ ਸੰਤਾਨ ਦੀ ਇਛੱਾ ਕਰਦੇ ਹਨ, ਪਰ ਨ ਇਸ ਲਈ ਕਿ ਧਰਮੀ ਹੋਣ ਸਗੋਂ ਇਸ ਲਈ ਕਿ ਦੁਨੀਆ ਵਿੱਚ ਉਹਨਾਂ ਦਾ ਕੋਈ ਵਾਰਸ ਹੋਵੇ ਅਤੇ ਜੱਦ ਸੰਤਾਨ ਹੋ ਜਾਂਦੀ ਹੈ ਤਾਂ ਉਸ ਦੀ ਸੀਖ ਸਿੱਖਿਆ ਦੀ ਕੋਈ ਚਿੰਤਾ ਨਹੀਂ ਕੀਤੀ ਜਾਂਦੀ ਨ ਉਹਨਾਂ ਦੇ ਅਕੀਦਿਆਂ ਦੇ ਸੁਧਰ ਕੀਤਾ ਜਾਂਦਾ ਹੈ, ਦੀਨ ਸਿਖਾਉਣਾ ਵੀ ਜ਼ਰੂਰੀ ਹੈ । ਇਹ ਨਹੀਂ ਹੈ ਕਿ ਬਾਹਰੋਂ ਸਮਾਂ ਨਹੀਂ ਮਿਲਿਆ । ਸੰਸਾਰਕ ਪੜ੍ਹਾਈ ਵਿੱਚ ਮਸਰੂਫ਼ ਹਨ ਦੁਨੀਆਵੀ ਕਾਰਜਾਂ ਵਿੱਚ ਲੀਨ ਹੈ, ਇਸ ਲਈ ਨ ਆਪ ਧਰਮ ਸਿਖਾਉਣ ਲਈ ਧਿਆਨ ਦਿਤੱਾ, ਨ ਬੱਚਿਆਂ ਲਈ ਕੋਈ ਪ੍ਰਬੰਧ ਕੀਤਾ । ਫ਼ਰਮਾਇਆ, ਅਤੇ ਨ ਹੀ ਆਚਰਣਕ ਅਵਸਥਾ ਨੂੰ ਠੀਕ ਕੀਤਾ ਜਾਂਦਾ ਹੈ । ਅਕੀਦੇ ਦਸੱਣਾ ਧਰਮ ਸਿਖਾਉਣਾ ਬਹੁਤ ਜ਼ਰੂਰੀ ਹੈ । ਆਪ ਨੇ ਫ਼ਰਮਾਇਆ ਕਿ ਚੇਤੇ

ਰੱਖੋ ਕਿ ਉਸ ਦਾ ਇਮਾਨ ਠੀਕ ਨਹੀਂ ਹੋ ਸਕਦਾ ਜੋ ਸੰਬੰਧਾਂ ਦੀ ਵੱਡਿਆਈ ਨੂੰ ਨਹੀਂ ਸਮਝਦਾ । ਜੱਦ ਉਹ ਇਸ ਤੋਂ ਵਾਂਝਿਆਂ ਹੁੰਦਾ ਹੈ ਤਾਂ ਹੋਰਨਾ ਨੇਕੀਆਂ ਦੀ ਉਸ ਤੋਂ ਕੀ ਆਸ ਕੀਤੀ ਜਾ ਸਕਦੀ ਹੈ । ਰੱਬ ਨੇ ਕੁਰਆਨ ਕਰੀਮ ਵਿੱਚ ਸੰਤਾਨ ਦੀ ਇਛੱਾ ਨੂੰ ਇਸ ਪ੍ਰਕਾਰ ਵਰਨਣ ਕੀਤਾ ਹੈ ਕਿ ( رَبَّنَا هَبْ لَنَا مِنْ اَزْوَاجِنَا وَذُرِّيّٰتِنَا قُرَّةَ اَعْيُنٍ وَّاجْعَلْنَا لِلْمُتَّقِيْنَ اِمَامًا) ‘ਰਬੱਾਨਾ ਹਬਲਨਾ ਮਿਨ ਅਜ਼ਵਾਜਿਨਾ ਵ ਜ਼ੁੱਯਿੱਤਿਨਾ ਕੁਰੱਾਤਾ ਆਯੁਨਿੰਵ ਵਜ ਅਲਨਾ ਲਿਲ ਮੁਤੱਾਕੀਨਾ ਇਮਾਮਾ’ ਅਰਥਾਤ ਰੱਬ ਸਾਨੂੰ ਸਾਡੀਆਂ ਪਤਨੀਆਂ ਅਤੇ ਬੱਚਿਆਂ ਤੋਂ ਅੱਖ ਦੀ ਠੰਡਕ ਪ੍ਰਦਾਨ ਕਰੇ ਅਤੇ ਇਹ ਉਦੋਂ ਹੀ ਹੋ ਸਕਦਾ ਹੈ ਜੱਦ ਉਹ ਝੂਠ ਫਰੇਬ ਦਾ ਜੀਵਨ ਨ ਲੰਘਾਉਂਦੇ ਹੋਣ ਸਗੋਂ ਰਹਮਾਨ ਰੱਬ ਦੀ ਇਬਾਦਤ ਵਾਲਾ ਜੀਵਨ ਲੰਘਾਉਂਦੇ ਹੋਣ ਅਤੇ ਰੱਬ ਨੂੰ ਹਰ ਇਕ ਸ਼ੈਅ ਉਪੱਰ ਪ੍ਰਾਥਮਕਤਾ ਦੇਣ ਵਾਲੇ ਹੋਣ ਅਤੇ ਅੱਗੇ ਖੁਲੱਕੇ ਕਹਿ ਦਿਤੱਾ ਕਿ (وَّاجْعَلْنَا لِلْمُتَّقِيْنَ اِمَامًا) ‘ਵਜ ਅਲਨਾ ਲਿਲਮੁਤੱਾਕੀਨਾ ਇਮਾਮਾ’ ।

ਸੰਤਾਨ ਜੇਕਰ ਨੇਕ ਤੇ ਸੰਜਮੀ ਹੋਵੇਗੀ ਤਾਂ ਇਹ ਉਹਨਾਂ ਦਾ ਇਮਾਮ ਹੋਵੇਗਾ । ਇਸ ਪ੍ਰਕਾਰ ਸੰਭਵਤਾ ਸੰਜਮੀ ਹੋਣ ਦੀ ਵੀ ਦੁਆ ਹੈ ਅਰਥਾਤ ਆਪਣੇ ਆਪ ਲਈ ਸੰਜਮੀ ਹੋਣ ਲਈ ਦੁਆ ਹੈ । ਅਲੱਾਹ ਤਆਲਾ ਸਾਨੂੰ ਸੰਜਮਤਾ ਉਪੱਰ ਚਲੱਣ ਵਾਲਾ ਬਣਏ ਅਤੇ ਅੱਗੇ ਫ਼ਿਰ ਸੰਤਾਨ ਲਈ ਸੰਜਮੀ ਹੋਣ ਦੀ ਦੁਆ ਹੈ । ਭਾਵ ਸੰਤਾਨ ਲਈ ਕੇਵਲ ਇਹ ਇਛੱਾ ਹੋਵੇ ਕਿ ਉਹ ਧਰਮ ਦੀ ਸੇਵਕ ਹੋਵੇ ਅਤੇ ਵਿਸ਼ੇਸ਼ ਰੂਪ ਵਿੱਚ ਵਾਕਫ਼ੀਨ ਨਉ ਦੇ ਮਾਂਪਿਆਂ ਨੂੰ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਕਿ ਆਪਣੇ ਬੱਚਿਆਂ ਨੂੰ ਧਰਮ ਵੱਲ ਬਹੁਤਾ ਧਿਆਨ ਦੁਆਉਣ ।

ਫਿਰ ਆਪ ਫ਼ਰਮਾਉਂਦੇ ਹਨ ਕਿ ਮੈਂ ਦੇਖਦਾ ਹਾਂ ਕਿ ਲੋਕ ਜੋ ਕੁਝ ਕਰਦੇ ਹਨ ਉਹ ਕੇਵਲ ਦੁਨੀਆ ਲਈ ਕਰਦੇ ਹਨ । ਦੁਨੀਆ ਦਾ ਪ੍ਰੇਮ ਉਹਨਾਂ ਤੋਂ ਕਰਾਉਂਦਾ ਹੈ ਰੱਬ ਵਾਸਤੇ ਨਹੀਂ ਕਰਦੇ । ਜੇਕਰ ਸੰਤਾਨ ਦੀ ਇਛੱਾ ਕਰੇ ਤਾਂ ਇਸ ਨੀਯਤ ਨਾਲ ਕਰੇ (وَّاجْعَلْنَا لِلْمُتَّقِيْنَ اِمَامًا) ‘ਵਜ ਅਲਨਾ ਲਿਲ ਮੁਤੱਾਕੀਨਾ ਇਮਾਮਾ’ ਉਪੱਰ ਨਜ਼ਰ ਕਰੇ ਕਿ ਕੋਈ ਅਜਿਹਾ ਬਚੱਾ ਪੈਦਾ ਹੋ ਜਾਵੇ ਜੋ ਇਸਲਾਮ ਦੇ ਫ਼ੈਲਾਉਣ ਦਾ ਸਾਧਨ ਹੋਵੇ । ਜੱਦ ਅਜਿਹੀ ਪਾਕ ਇਛੱਾ ਹੋਵੇ ਤਾਂ ਰੱਬ ਕਾਦਰ ਹੈ ਕਿ ਜ਼ਕਰੀਆ ਵਾਂਗ ਸੰਤਾਨ ਦੇ ਦੇਵੇ, ਪਰ ਮੈਂ ਦੇਖਦਾ ਹਾਂ ਕਿ ਲੋਕਾਂ ਦੀ ਨਜ਼ਰ ਇਸ ਤੋਂ ਅੱਗੇ ਨਹੀਂ ਜਾਂਦੀ ਕਿ ਸਾਡਾ ਬਾਗ਼ ਹੈ ਜਾਂ ਕੋਈ ਹੋਰ ਸੰਪਤੀ ਹੈ ਉਹ ਇਸ ਦਾ ਵਾਰਸ ਹੋਵੇ ਅਤੇ ਕੋਈ ਸ਼ਰੀਕਾ ਉਸ ਨੂੰ ਨ ਲੈ ਜਾਵੇ ਪਰ ਉਹ ਐਨ੍ਹਾ ਨਹੀਂ ਸੋਚਦੇ ਕਿ ਕੰਬਖ਼ਤ ਜੱਦ ਤੂੰ ਮਰ ਗਿਆ ਤਾਂ ਤੇਰੇ ਲਈ ਸਜੱਣ ਮਿਤੱਰ ਸਾਰੇ ਹੀ ਬਿਗਾਨੇ ਤੇ ਬਰਾਬਰ ਹਨ । ਬਹਿਰਹਾਲ ਜਿਵੇਂ ਕਿ ਮੈਂ ਪਹਿਲਾਂ ਵੀ ਕਿਹਾ ਕਿ ਵਿਸ਼ੇਸ਼ ਰੂਪ ਵਿੱਚ ਵਾਕਫ਼ੀਨ ਨਉ ਦੇ ਜੋ ਮਾਂ ਬਾਪ ਹਨ ਉਹਨਾਂ ਨੂੰ ਆਪਣੇ ਬੱਚਿਆਂ ਦੀ ਤਰਬੀਯੱਤ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਅਤੇ ਉਹਨਾਂ ਲਈ ਦੁਆ ਵੀ ਇਸ ਉਦੇਸ਼ ਨਾਲ ਕਰਨੀ ਚਾਹੀਦੀ ਹੈ ਕਿ ਉਹ ਵੱਡੇ ਹੋਕੇ ਦੀਨ ਨੂੰ ਦੁਨੀਆ’ਤੇ ਪ੍ਰਾਥਮਕਤਾ ਦੇਣ ਵਾਲੇ ਹੋਣ ਵਕਫ਼ ਕਰਨ ਵਾਲੇ ਹੋਣ, ਇਹ ਨਹੀਂ ਕਿ ਕੇਵਲ ਵਕਫ਼ ਦਾ ਟਾਈਟਲ ਲਗਾ ਦਿਤੱਾ ਅਤੇ ਵੱਡੇ ਹੋਕੇ ਕਹਿ ਦਿਤੱਾ ਕਿ ਅਸੀਂ ਤਾਂ ਆਪਣੇ ਕੰਮ ਕਰ ਰਹੇ ਹਾਂ ਸਗੋਂ ਜੋ ਵਾਕਫ਼ੀਨਿ ਨਉ ਹਨ ਪਹਿਲਾਂ ਉਹ ਜਮਾਤ ਨੂੰ ਪੁਛੱਣ ਕਿ ਜਮਾਤ ਨੂੰ ਲੋੜ ਹੈ ਕਿ ਨਹੀਂ ਜੇਕਰ ਜਮਾਤ ਅਗਿਆ ਦਿੰਦੀ ਹੈ ਉਹਨਾਂ ਨੂੰ ਆਪਣਾ ਕੰਮ ਕਰਨ ਦੀ ਤਾਂ ਕਰਨ ਵਰਨਾ ਉਹਨਾਂ ਨੂੰ ਖ਼ਾਲਸ ਹੋਕੇ ਆਪਣੇ ਪ੍ਰਣ ਪੂਰਾ ਕਰਦਿਆਂ ਹੋਇਆਂ ਅਤੇ ਮਾਤਾ ਪਿਤਾ ਦੇ ਅਹਿਦ ਨੂੰ ਪੂਰਾ ਕਰਦਿਆਂ ਹੋਇਆਂ ਆਪਣੇ ਆਪ ਨੂੰ ਵਕਫ਼ ਲਈ ਪੇਸ਼ ਕਰਨਾ ਚਾਹੀਦਾ ਹੈ ।

ਸੋ, ਸੰਤਾਨ ਲਈ ਦੁਆ ਅਤੇ ਇੱਛਾਂ ਇਸ ਸੋਚ ਨਾਲ ਅਤੇ ਇਸ ਦੁਆ ਨਾਲ ਹੋਣੀ ਚਾਹੀਦੀ ਹੈ ਕਿ ਅਜਿਹੀ ਸੰਤਾਨ ਹੋਵੇ ਜੋ ਦੀਨ ਨੂੰ ਦੁਨੀਆ'ਤੇ ਪਹਿਲ ਦੇਣ ਵਾਲੀ ਹੋਵੇ ਜੋ ਸਾਡੀ ਅਰਥਾਤ ਮਾਂ ਬਾਪ ਦੀ ਅਤੇ ਪਰਿਵਾਰ ਦੇ ਸਨਮਾਨ ਨੂੰ ਬਨਾਉਣ ਵਾਲੀ ਹੋਵੇ ਆਪਣੇ ਦਾਦਾ ਪੜਦਾਦਾ ਦੇ ਨਾਂ ਦੀ ਇਜੱਤ ਕਾਇਮ ਕਰਨ ਵਾਲੀ ਹੋਵੇ । ਬਹੁਤ ਸਾਰੇ ਅਜਿਹੇ ਖ਼ਾਨਦਾਨ ਹਨ ਜਿੰਨ੍ਹਾ ਦੇ ਬਾਪ ਦਾਦਾ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸਹਾਬਾ ਵਿੱਚੋਂ ਸਨ । ਕੇਵਲ ਉਹਨਾਂ ਦੀ ਸੰਤਾਨ ਹੋਣਾ ਬਹੁਤ ਨਹੀਂ ਹੈ । ਲੋਕ ਬਹੁਤ ਫ਼ਖ਼ਰ ਨਾਲ ਦਸੱਦੇ ਹਨ, ਚੰਗੀ ਗੱਲ ਹੈ ਪਰ ਫ਼ਖ਼ਰ ਉਦੋਂ ਹੋਣਾ ਚਾਹੀਦਾ ਹੈ ਜੱਦ ਨੇਕੀਆਂ ਵੀ ਜਾਰੀ ਹੋਣ ਕਿ ਸੰਤਾਨ ਹੋਣਾ ਕਾਫ਼ੀ ਨਹੀਂ ਹੈ ਸਗੋਂ ਮਾਂ ਬਾਪ ਦਾ ਵੀ ਇਹ ਕੰਮ ਹੈ ਕਿ ਆਪਣੀ ਸੰਤਾਨ ਲਈ ਇਹ ਵੀ ਦੁਆ ਕਰਨ ਕਿ ਉਹ ਉਹਨਾਂ ਦੀਆਂ ਨੇਕੀਆਂ ਬਾਪ ਦਾਦਾ ਦੀ ਨੇਕੀਆਂ ਕਾਇਮ ਕਰਨ ਵਾਲੇ ਵੀ ਹੋਣ ਅਤੇ ਜੱਦ ਇਹ ਦੁਆ ਮਾਂ ਬਾਪ ਕਰ ਰਹੇ ਹੋਣਗੇ ਤਾਂ ਆਪਣੇ ਉਪੱਰ ਵੀ ਨਜ਼ਰ ਰਖੱਣਗੇ । ਕਿਉਂਕਿ ਅਸੀਂ ਆਪਣੇ ਬਾਪ ਦਾਦਾ ਦੇ ਨਾਂ ਨੂੰ ਜੀਉਂਦਾ ਰਖੱਣ ਵਾਲੇ ਫਿਰ ਹੀ ਬਣ ਸਕਦੇ ਹਾਂ ਜੱਦ ਅਸੀਂ ਆਪਣੇ ਅਮਲਾਂ ਉਪੱਰ ਵੀ ਨਜ਼ਰ ਰਖੱਣ ਵਾਲੇ ਹੋਵਾਂਗੇ ।

ਸੋ, ਆਪਣੇ ਜਾਇਜ਼ੇ ਦੇ ਨਾਲ ਹਰ ਇਕ ਨੂੰ ਅੰਤਮ ਸਮੇਂ ਤੱਕ ਬੱਚਿਆਂ ਦੀ ਨੇਕ ਫ਼ਿਤਰਤ (ਸੁਭਾਵ) ਅਤੇ ਸਾਲੇਹ ਹੋਣ ਲਈ ਦੁਆ ਕਰਦੇ ਰਹਿਣਾ ਚਾਹੀਦਾ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਰੱਬ ਦੀ ਸਹਾਇਤਾ ਉਹਨਾਂ ਦੇ ਨਾਲ ਹੀ ਹੁੰਦੀ ਹੈ ਜੋ ਹਮੇਸ਼ਾ ਨੇਕੀ ਵਿੱਚ ਅੱਗੇ ਹੀ ਅੱਗੇ ਕਦਮ ਰਖੱਦੇ ਹਨ । ਫ਼ਰਮਾਇਆ ਇਕ ਥਾਂ ਠਹਿਰ ਨਹੀਂ ਜਾਂਦੇ ਅਤੇ ਉਹੋ ਹਨ ਜਿੰਨ੍ਹਾਂ ਦਾ ਅੰਜਾਮ ਚੰਗਾ ਹੁੰਦਾ ਹੈ ਅਤੇ ਅੰਜਾਮ ਚੰਗਾ ਹੋਣ ਲਈ ਆਪ ਨੇ ਫ਼ਰਮਾਇਆ ਕਿ ਆਪਣੇ ਲਈ ਅਤੇ ਆਪਣੀ ਪਤਨੀ ਤੇ ਬੱਚਿਆਂ ਲਈ ਨਿਰੰਤਰ ਦੁਆ ਕਰਦੇ ਰਹਿਣਾ ਚਾਹੀਦਾ ਹੈ । ਫਿਰ ਆਪ ਫ਼ਰਮਾਉਂਦੇ ਹਨ ਕਿ ਕਿ ਉਹ ਕੰਮ ਕਰੋ ਜੋ ਸੰਤਾਨ ਲਈ ਚੰਗਾ ਨਮੂਨਾ ਅਤੇ ਸਿੱਖਿਆ ਹੋਵੇ । ਇਹ ਮਾਂ ਬਾਪ ਦਾ ਕੰਮ ਹੈ ਅਤੇ ਇਸ ਲਈ ਜ਼ਰੂਰੀ ਹੈ । ਫ਼ਰਮਾਇਆ ਇਸ ਲਈ ਜ਼ਰੂਰੀ ਹੈ ਕਿ ਸਭ ਤੋਂ ਪਹਿਲਾਂ ਆਪਣਾ ਸੁਧਾਰ ਕਰੋ । ਜੇਕਰ ਤੁਸੀਂ ਉਚੱ ਦਰਜੇ ਦੇ ਸੰਜਮੀ ਅਤੇ ਪਰਹੇਜ਼ਗਾਰ ਬਣ ਜਾਓਗੇ ਅਤੇ ਰੱਬ ਨੂੰ ਰਾਜ਼ੀ ਕਰ ਲਓਗੇ ਤਾਂ ਯਕੀਨ ਕੀਤਾ ਜਾਂਦਾ ਹੈ ਕਿ ਰੱਬ ਤੁਹਾਡੀ ਸੰਤਾਨ ਨਾਲ ਚੰਗਾ ਮਾਮਲਾ ਕਰੇਗਾ । ਫ਼ਰਮਾਇਆ ਕਿ ਕੁਰਆਨ ਸ਼ਰੀਫ਼ ਵਿੱਚ ਖ਼ਿਜ਼ਰ ਅਤੇ ਮੂਸਾ ਅਲੈਹਿ ਸਲਾਮ ਦਾ ਕਿਸੱਾ ਦਰਜ ਹੈ ਕਿ ਇਹਨਾਂ ਦੋਹਾਂ ਨੇ ਮਿਲਕੇ ਇਕ ਕੰਧ ਨੂੰ ਬਣਵਾ ਦਿਤੱਾ ਜੋ ਯਤੀਮ ਬੱਚਿਆਂ ਦੀ ਸੀ । ਓਥੇ ਰੱਬ ਫ਼ਰਮਾਉਂਦਾ ਹੈ ਕਿ (وَكَانَ اَبُوْهُمَا صَالِحًا) 'ਵਕਾਨਾ ਅਬੂਹੁਮਾ ਸਾਲਿਹਨ' ਕਿ ਇਹਨਾਂ ਦਾ ਪਿਤਾ ਸਾਲੇਹ (ਨੇਕ) ਸੀ, ਇਹ ਵਰਨਣ ਨਹੀਂ ਕੀਤਾ ਕਿ ਉਹ ਆਪ ਕਿਹੋ ਜਿਹੇ ਸਨ ਬੱਚੇ ਕਿਹੋ ਜਿਹੇ ਸਨ ਸਗੋਂ ਮਾਂ ਬਾਪ ਦਾ ਵਰਨਣ ਕੀਤਾ । ਫ਼ਰਮਾਇਆ ਇਸ ਉਦੇਸ਼ ਨੂੰ ਹਾਸਲ ਕਰੋ । ਸੰਤਾਨ ਲਈ ਹਮੇਸ਼ਾ ਉਸ ਦੀ ਨੇਕੀ ਦੀ ਇੱਛਾਂ ਕਰੋ ਤਾਂ ਰੱਬ ਫਿਰ ਸੰਤਾਨ ਦੇ ਵੀ ਸਾਧਨ ਪੈਦਾ ਕਰਦਾ ਰਹੇਗਾ ਉਹਨਾਂ ਦੀ ਚੰਗਿਆਈ ਲਈ ਅਤੇ ਉਹਨਾਂ ਦੇ ਰਿਜ਼ਕ ਲਈ ।

ਸੋ, ਇਹ ਉਹ ਮੁਢੱਲੇ ਉਸੂਲ ਹਨ ਜਿਸ ਵੱਲ ਵਾਰ ਵਾਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਧਿਆਨ ਦੁਆਇਆ ਹੈ ਅਤੇ ਇਹ ਕੁਰਆਨ ਕਰੀਮ ਦੀ ਸਿੱਖਿਆ ਦਾ ਹੀ ਵਿਸਥਾਰ ਹੈ ਕਿ ਮਾਂ ਬਾਪ ਦਾ ਆਪਣਾ ਨਮੂਨਾ ਹੀ ਬੱਚਿਆਂ ਦੀ ਸੀਖ ਸਿੱਖਿਆ ਵਿੱਚ ਕਿਰਦਾਰ ਨਿਭਾਉਂਦਾ ਹੈ । ਅਲੱਾਹ ਤਆਲਾ ਸਨੂੰ ਤੌਫ਼ੀਕ ਪ੍ਰਦਾਨ ਕਰੇ ਕਿ ਸਾਡੇ ਵਿੱਚੋਂ ਹਰ ਕੋਈ ਸੰਤਾਨ ਲਈ ਚੰਗੇ ਨਮੂਨੇ ਬਣਨ ਵਾਲੇ ਹੋਣ । ਧਰਮ ਨੂੰ ਦੁਨੀਆ ਉਪੱਰ ਪਹਿਲ ਦੇਣ ਦੇ ਪ੍ਰਣ ਨੂੰ ਪੂਰਾ ਕਰਨ ਵਾਲੇ ਹੋਣ । ਦੂਜਿਆਂ ਵੱਲ ਨਜ਼ਰ ਰਖੱਣ ਦੀ ਥਾਂ ਕਈ ਲੋਕਾਂ ਦੀ ਆਦਤ ਹੁੰਦੀ ਹੈ

ਕਿ ਦੂਜਿਆਂ ਵੱਲ ਤਕੱਦੇ ਰਹਿੰਦੇ ਹਨ ਕਿ ਉਹ ਕਿਹੋ ਜਿਹਾ ਹੈ, ਆਪਣੇ ਸੁਧਾਰ ਵੱਲ ਧਿਆਨ ਦੇਣ ਵਾਲੇ ਹੋਣ । ਫਿਰ ਹੀ ਅਸੀਂ ਅੱਗੇ ਨੇਕ ਨਸਲ ਚਲਾ ਸਕਦੇ ਹਾਂ ਅਤੇ ਸੰਜਮਤਾ ਉਪੱਰ ਚਲੱਣ ਵਾਲੇ ਹੋਣ । ਆਪਣੀ ਸੰਤਾਨ ਲਈ ਨਿਰੰਤਰ ਦੁਆਵਾਂ ਕਰਨ ਵਾਲੇ ਹੋਣ ਤਾਂ ਜੋ ਅਲੱਾਹ ਸਾਡੀ ਸੰਤਾਨ ਨੂੰ ਵੀ ਹਮੇਸ਼ਾ ਸਾਡੀਆਂ ਅਖੱਾਂ ਦੀ ਠੰਡਕ ਬਣਾਈ ਰੱਖੇ ਅਤੇ ਫਿਰ ਇਹ ਸਿਸਿਲਾ ਅੱਗੇ ਵੀ ਚਲਦਾ ਚਲਾ ਜਾਵੇ ।

**Khulasa Khutba Jumma 14.07.2017**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131